| | | |
|---|---|---|
| 8.1 | ਸਵੈ ਇਛੱਕ ਰਿਟਾਇਰਮੈਂਟ ਲੈਣ ਲਈ ਤਿੰਨ ਮਹੀਨੇ ਦੇ ਨੋਟਿਸ ਦੌਰਾਨ ਕੋਈ ਕਰਮਚਾਰੀ ਛੁਟੀ ਲੈ ਸਕਦਾ ਹੈ ? | ਜੀ ਹਾਂ। ਪੰਜਾਬ ਸਰਕਾਰ, ਦੇ ਪੱਤਰ ਨੰਬਰ 16/16/79-3 ਪੀ.ਪੀ./381 ਮਿਤੀ 15.01.1980 ( ਵਿੱਤੀ ਮੈਨੁਅਲ ਪਾਰਟ 1 ਪੰਨਾ 874-76 ) ਅਨੁਸਾਰ ਨੋਟਿਸ ਸਮੇਂ ਦੌਰਾਨ ਬਣਦੀ ਛੁਟੀ ਲੀਤੀ ਜਾ ਸਕਦੀ ਹੈ । |
| 8.2 | ਕਰਮਚਾਰੀ ਨੂੰ ਸ਼ਾਰਟ ਲੀਵ ਦੇਣ ਸਬੰਧੀ ਕੀ ਪ੍ਰੋਸੀਜਰ ਹੈ ? | ਪੰਜਾਬ ਸਰਕਾਰ,ਪ੍ਰਸੋਨਲ ਵਿਭਾਗ ਦੇ ਪੱਤਰ ਨੰਬਰ 4295-4 ਜੀ.ਐਸ(11)65/27841 ਮਿਤੀ 09.08.1965 (ਸੇਵਾ ਮੈਨੁਅਲ ਪੰਨਾ 372) ਅਨੁਸਾਰ ਇੱਕ ਦਿਨ ਵਿਚ ਦੋ ਘੰਟੇ ਤੱਕ ਲਈ ਗਈ ਛੁਟੀ 1/3, 2 ਘੰਟੇ ਤੋਂ 3-1/2 ਤੱਕ ਅਧੀ ਅਤੇ ਇਸ ਤੋਂ ਜਿਆਦਾ ਸਮੇਂ ਦੀ ਸ਼ਾਰਟ ਲੀਵ ਪੂਰੀ ਛੁਟੀ ਗਿਣੀ ਜਾਵੇਗੀ । |
| 8.3 | ਪੰਜਾਬ ਸਰਕਾਰ ਵਲੋਂ ਕਈ ਵਾਰ ਨਗਰ ਕੀਰਤਨ/ਸ਼ੋਭਾ ਯਾਤਰਾਂ ਆਦਿ ਵਿਚ ਹਿੱਸਾ ਲੈਣ ਲਈ ਦੁਪਿਹਰ ਤੋਂ ਬਾਅਦ ਅੱਧੇ ਦਿਨ ਦੀ ਛੁਟੀ ਦਾ ਐਲਾਨ ਕਰ ਦਿੱਤਾ ਜਾਂਦਾ ਹੈ। ਜੇਕਰ ਕੋਈ ਕਰਮਚਾਰੀ ਪਹਿਲੇ ਅੱਧੇ ਦਿਨ ਦੀ ਅਚਨਚੇਤ ਛੁਟੀ ਲੈਂਦਾ ਹੈ ਤਾਂ ਕੀ ਉਸ ਦੀ ਅੱਧੀ ਅਚਨਚੇਤ ਛੁਟੀ ਹੀ ਗਿਣੀ ਜਾਵੇਗੀ । | ਇਸ ਤਰਾਂ ਦੇ ਕੇਸ ਵਿਚ ਕਰਮਚਾਰੀ ਦੀ ਪੂਰੇ ਦਿਨ ਦੀ ਅਚਨਚੇਤ ਛੁਟੀ ਸਮਝੀ ਜਾਵੇਗੀ । |
| 8.4 | ਇਕ ਕਰਮਚਾਰੀ ਕੈਲੰਡਰ ਸਾਲ ਦੇ ਅਗਸਤ ਮਹੀਨੇ ਵਿਚ ਨੌਕਰੀ ਵਿਚ ਹਾਜ਼ਰ ਹੁੰਦਾ ਹੈ ਤਾਂ ਕੀ ਉਸ ਨੂੰ ਸਾਰੇ ਕੈਲੰਡਰ ਸਾਲ ਵਿਚ ਮਿਲਣ ਵਾਲੀਆਂ ਸਾਰੀਆਂ ਅਚਨਚੇਤ ਛੁਟੀਆਂ ਦਿੱਤੀਆਂ ਜਾ ਸਕਣਗੀਆਂ ਜਾਂ ਫਿਰ ਅਨੁਪਾਤਕ ਢੰਗ ਨਾਲ । | ਇਸ ਸਬੰਧ ਵਿਚ ਪੰਜਾਬ ਸਰਕਾਰ ਦੇ ਪੱਤਰ ਲੰਬਰ 6/26/99-6 ਪੀ.ਪੀ.3/5353 ਮਿਤੀ 11.5.99 ਰਾਹੀਂ ਸਪੱਸ਼ਟ ਕੀਤਾ ਗਿਆ ਹੈ ਕਿ ਕੋਈ ਕਰਮਚਾਰੀ ਸਾਲ ਦੇ ਕਿਸੇ ਮਹੀਨੇ ਵੀ ਨੌਕਰੀ ਵਿਚ ਹਾਜ਼ਰ ਹੁੰਦਾ ਹੈ ਉਸ ਨੂੰ ਉਸ ਸਾਲ ਦੀਆਂ ਸਾਰੀਆਂ ਅਚਨਚੇਤ ਛੁਟੀਆਂ ਮਿਲਣ ਯੋਗ ਹਨ। |
| 8.5 | ਤਿੰਨ ਦਿਨ ਤੋਂ ਘੱਟ ਮੈਡੀਕਲ ਅਧਾਰ ਤੇ ਛੁਟੀ ਲੈਣ ਤੇ ਮੈਡੀਕਲ ਸਰਟੀਫੀਕੇਟ ਪੇਸ਼ ਕਰਨ ਤੋਂ ਛੋਟ ਮਿਲ ਸਕਦੀ ਹੈ । | ਜੀ ਹਾਂ ਰੂਲ 8.16(2) ਸੀ.ਐਸ.ਆਰ. ਵਾਲੀਅਮ-1 ਪਾਰਟ-1 ਅਨੁਸਾਰ ਤਿੰਨ ਦਿਨ ਤੋਂ ਘੱਟ ਬਿਮਾਰੀ ਕਾਰਨ ਲਈ ਗਈ ਛੁਟੀ ਤੇ ਮੈਡੀਕਲ ਸਰਟੀਫੀਕੇਟ ਪੇਸ਼ ਕਰਨ ਤੋਂ ਛੋਟ ਦਿੱਤੀ ਜਾ ਸਕਦੀ ਹੈ।ਜੇਕਰ ਮੈਡੀਕਲ ਸਰਟੀਫੀਕੇਟ ਪੇਸ਼ ਕਰਨ ਤੋਂ ਛੋਟ ਦਿੱਤੀ ਜਾਂਦੀ ਹੈ ਤਾਂ ਉਹ ਛੁਟੀ ਮੈਡੀਕਲ ਅਧਾਰ ਦੀ ਛੁੱਟੀ ਨਹੀਂ ਮੰਨੀ ਜਾਵੇਗੀ । ਭਾਵ ਇਸ ਤਰਾਂ ਦੀ ਛੁਟੀ ਕਮਿਊਟ ਨਹੀਂ ਹੋ ਸਕੇਗੀ। |
| 8.6 | ਵਕੇਸ਼ਨ ਕਰਮਚਾਰੀਆਂ ਨੂੰ ਹਰੇਕ ਸਾਲ 8 ਕਮਾਈ ਛੁਟੀਆਂ ਮਿਲਦੀਆਂ ਹਨ। ਇਹ ਸਾਲ ਗਿਣਨ ਲਈ ਕੈਲੰਡਰ ਸਾਲ ਲਿਆ ਜਾਣਾ ਹੈ ਜਾਂ ਫਿਰ ਕਰਮਚਾਰੀ ਦੀ ਨੌਕਰੀ ਦਾ ਇੱਕ ਸਾਲ ਪੂਰਾ ਹੋਣ ਤੇ 8 ਕਮਾਈ ਛੁਟੀਆਂ ਡਿਊ ਹੋਣਗੀਆਂ ? | ਪੰਜਾਬ ਸਰਕਾਰ, ਵਿੱਤ ਵਿਭਾਗ ਦੇ ਪੱਤਰ ਨੰਬਰ 10/36/89- 4 ਐਫ.ਪੀ.1/2033 ਮਿਤੀ 08.03.1990 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਨੌਕਰੀ ਦਾ ਸਾਲ ਪੂਰਾ ਹੋਣ ਉਪਰੰਤ 8 ਕਮਾਈ ਛੁਟੀਆਂ ਮਿਲਣਗੀਆਂ । |
| 8.7 | ਇਸਤਰੀ ਮੁਲਾਜਮਾਂ ਨੂੰ ਪ੍ਰਸੂਤਾ ਛੁਟੀ ਦੇਣ ਸਬੰਧੀ ਨਿਯਮ ਕੀ ਹਨ । ਜੇਕਰ ਕਿਸੇ ਕਰਮਚਾਰਨ ਵਲੋਂ ਤਿੰਨ ਬਚਿਆਂ ਤੱਕ ਪ੍ਰਸੂਤਾ ਛੁਟੀ ਲੈ ਲਈ ਗਈ ਅਤੇ ਉਸ ਦੇ ਇੱਕ ਬਚੇ ਦੀ ਮੌਤ ਹੋ ਗਈ ਹੋਵੇ ਤਾਂ ਕੀ ਉਹ ਫਿਰ ਪ੍ਰਸੂਤਾ ਛੁਟੀ ਲੈ ਸਕਦੀ ਹੈ । | ਪ੍ਰਸੂਤਾ ਛੁਟੀ ਦੇਣ ਲਈ ਇੱਕ ਹੀ ਗੱਲ ਦਾ ਧਿਆਨ ਰਖਿਆ ਜਾਵੇਗਾ ਕਿ ਛੁਟੀ ਜਾਣ ਸਮੇਂ ਕਰਮਚਾਰਨ ਦੇ ਤਿੰਨ ਜਾਂ ਤਿੰਨ ਤੋਂ ਵੱਧ ਜਿਉਂਦੇ ਬਚੇ ਨਾਂ ਹੋਣ ।ਰੂਲ 8.127 (ਏ) ਸੀ.ਐਸ.ਆਰ.ਵਾਲੀਅਮ-1 ਪਾਰਟ-1 |
| 8.8 | ਇਸਤਰੀ ਕਰਮਚਾਰਨ ਵਲੋਂ ਪ੍ਰਸੂਤਾ ਛੁਟੀ ਲਈ ਗਈ। ਡਲੀਵਰੀ ਤੋਂ ਬਾਅਦ ਬੱਚੇ ਦੀ ਮੌਤ ਹੋ ਗਈ ਕੀ ਉਸ ਕੇਸ ਵਿਚ ਪ੍ਰਸੂਤਾ ਛੁਟੀ ਪੂਰੀ ਮਿਲੇਗੀ । | ਰੂਲ 8.127 (ਏ) ਸੀ.ਐਸ.ਆਰ.ਵਾਲੀਅਮ-1 ਪਾਰਟ-1 ਅਨੁਸਾਰ ਪ੍ਰਸੂਤਾ ਛੁਟੀ ਬੱਚਾ ਪੈਦਾ ਕਰਨ ਲਈ ਦਿੱਤੀ ਜਾਂਦੀ ਹੈ ।ਇਸ ਕੇਸ ਵਿਚ ਪ੍ਰਸੂਤਾ ਛੁਟੀ ਨਾਂ ਮਿਲਣ ਸਬੰਧੀ ਕੋਈ ਹਦਾਇਤ ਨਹੀਂ । |
| 8.9 | ਇਸਤਰੀ ਕਰਮਚਾਰਨ ਜੇਕਰ ਕੋਈ ਬੱਚਾ ਅਡਾਪਟ ਕਰਦੀ ਹਾਂ ਤਾਂ ਉਸ ਨੂੰ ਮਿਲਣ ਵਾਲੀ ਛੁਟੀ ਸਬੰਧੀ ਜਾਣਕਾਰੀ ਦਿੱਤੀ ਜਾਵੇ । | ਪੰਜਾਬ ਸਰਕਾਰ ਦੇ ਪੱਤਰ ਨੰਬਰ 14/2/9੬6ਪੀ.ਪੀ. 3/7892 ਮਿਤੀ 11.6.98 ਇਸਤਰੀ ਕਰਮਚਾਰਨ ਜੇਕਰ ਕਾਨੂੰਨੀ ਤੌਰ ਤੇ ਬੱਚਾ ਗੋਦ ਲੈਂਦੀ ਹੈ ਤਾਂ ਉਸ ਨੂੰ ਕਾਨੂੰਨੀ ਤੌਰ ਤੇ ਬੱਚਾ ਗੋਦ ਲੈਣ ਦੀ ਮਿਤੀ ਤੋਂ ਤਿੰਨ ਮਹੀਨੇ ਤੱਕ ਜਾਂ ਜਿੰਨੀ ਦੇਰ ਤੱਕ ਬੱਚੇ ਦੀ ਉਮਰ ਤਿੰਨ ਮਹੀਨੇ ਤੱਕ ਨਹੀਂ ਹੋ ਜਾਂਦੀ ਜਿਹੜਾ ਵੀ ਸਮਾਂ ਘੱਟ ਹੋਵੇ ,ਅਡਾਪਸ਼ਨ ਲੀਵ ਦੀ ਹੱਕਦਾਰ ਹੈ । |
| 8.10 | Paternity leave ਸਬੰਧੀ ਸਪੱਸ਼ਟੀਕਰਣ ਦਿੱਤਾ ਜਾਵੇ ? | ਪੰਜਾਬ ਸਰਕਾਰ, ਵਿੱਤ ਵਿਭਾਗ ਦੇ ਪੱਤਰ ਨੰਬਰ 1/10/88-2 ਐਫ.ਪੀ.2/3187 ਮਿਤੀ 09.04.2002 ਅਨੁਸਾਰ Male |

| | | |
|---|---|---|
| | | Employees ਨੂੰ ਆਪਣੇ ਨਵੇਂ ਜੰਮੇ ਬੱਚੇ ਦੀ ਦੇਖਭਾਲ ਲਈ( ਦੋ ਜਿੰਦਾ ਬਚਿਆਂ ਤੋਂ ਘੱਟ ) 15 ਦਿਨਾਂ ਦੀ ਛੁੱਟੀ ( 30 ਦਿਨ ਦੀ ਅੱਧੀ ਤਨਖਾਹ ਛੁਟੀ ਨੂੰ ਕਮਿਉਟ ਕਰਨ ਉਪਰੰਤ) ਦਿੱਤੀ ਜਾ ਸਕੇਗੀ ਅਤੇ ਛੁਟੀ ਬੱਚੇ ਦੇ ਜਨਮ ਤੋਂ ਤੁਰੰਤ ਮਿਤੀ ਤੋਂ ਹੀ ਮਿਲ ਸਕੇਗੀ । |
| 8.11 | Child Care leave ਸਬੰਧੀ ਜਾਣਕਾਰੀ ਦਿੱਤੀ ਜਾਵੇ । | ਪੰਜਾਬ ਸਰਕਾਰ ਦੇ ਪੱਤਰ ਨੰਬਰ 6/26/2011-6ਪੀ.ਪੀ.3/ 2046 ਮਿਤੀ 22.12.2011 ਰਾਹੀਂ ਇੱਕ ਸਾਲ ਦੀ ਚਾਈਡ ਕੇਅਰ ਲੀਵ ਹੇਠ ਲਿਖੀਆਂ ਸਰਤਾਂ ਤਹਿਤ ਮਿਲੇਗੀ ।<br>1. ਇਸਤਰੀ ਮੁਲਾਜਮ ਆਪਣੇ ਨਾਬਾਲਗ ਬੱਚੇ 18 ਸਾਲ ਤੋਂ ਘੱਟ ਦੀ ਉਮਰ ਤੱਕ ਦੇਖ ਭਾਲ ਕਰਨ ਲਈ ਛੁਟੀ ਲੈ ਸਕਣਗੇ ।<br>2.ਇਹ ਛੁਟੀ ਦੋ ਬਚਿਆਂ ਤੱਕ ਬਚੇ ਦੀ ਪੜਾਈ ਲਈ ਜਾਂ ਬਿਮਾਰੀ ਦੀ ਹਾਲਤ ਵਿਚ ਲਈ ਜਾ ਸਕਦੀ ਹੈ। ਜਿਸ ਲਈ ਦਸਤਾਵੇਜੀ ਸਬੂਤ ਦੇਣਾ ਹੋਵੇਗਾ।<br>3. ਇਸ ਛੁਟੀ ਦੌਰਾਨ ਲੀਵ ਸੈਲਰੀ ਕਮਾਈ ਛੁਟੀ ਦੀ ਤਰਾਂ ਮਿਲਣ ਯੋਗ ਹੋਵੇਗੀ।<br>4. ਇਹ ਛੁਟੀ ਇੱਕ ਤੋਂ ਵਧ spells ਵਿਚ ਮਾਣੀ ਜਾ ਸਕੇਗੀ ਇਕ ਸਾਲ ਵਿਚ 3 spells ਤੋਂ ਵਧ ਨਹੀਂ ਲਈ ਜਾ ਸਕੇਗੀ। ਇੱਕ ਵਾਰ ਇਹ ਛੁਟੀ ਘੱਟੋ ਘੱਟ 15 ਦਿਨ ਦੀ ਲੀਤੀ ਜਾ ਸਕੇਗੀ ।<br>5. ਜੇਕਰ ਕੋਈ ਕਰਮਚਾਰਨ ਜਾਣਬੂਝ ਕੇ ਗੈਰ ਹਾਜ਼ਰ ਰਹਿੰਦੀ ਹੈ ਤੇ ਬਾਅਦ ਵਿਚ ਇਹ ਛੁਟੀ ਦੀ ਮੰਗ ਕਰਦੀ ਹੈ ਤਾਂ ਇਹ ਛੁਟੀ ਕਿਸੇ ਵੀ ਹਾਲਤ ਵਿਚ ਨਹੀਂ ਦਿੱਤੀ ਜਾਵੇਗੀ। ਇਹ ਛੁਟੀ ਰੂਲ 8.15 ਅਧੀਨ ਹੱਕ ਦੇ ਤੌਰ ਤੇ ਨਹੀਂ ਲਈ ਜਾ ਸਕੇਗੀ ।<br>6. ਇਹ ਛੁਟੀ, ਛੁਟੀਆਂ ਦੇ ਖਾਤੇ ਨੂੰ ਡੈਬਿਟ ਨਹੀ ਕੀਤੀ ਜਾਵੇਗੀ। ਇਸ ਦਾ ਸੇਵਾ ਪੱਤਰੀ ਵਿਚ ਵਖਰਾ ਖਾਤਾ ਮੈਨਟੇਨ ਕੀਤਾ ਜਾਵੇਗਾ ।<br>7. ਇਹ ਛੁਟੀ ਲੈਣ ਲਈ ਕਮਾਈ ਛੁਟੀ ਦੀ ਤਰਾਂ ਸਮਰਥ ਅਧਿਕਾਰੀ ਤੋਂ ਮੰਜੂਰ ਕਰਵਾ ਕੇ ਲਈ ਜਾ ਸਕੇਗੀ। ਸਮਰਥ ਅਧਿਕਾਰੀ ਇਹ ਛੁਟੀ ਲੋਕ ਹਿੱਤ ਵਿਚ ਦੇਣ ਤੋਂ ਇਨਕਾਰ ਕਰ ਸਕਦਾ ਹੈ ਜਾਂ ਪਹਿਲਾਂ ਮੰਜੂਰ ਕੀਤੀ ਛੁਟੀ ਕੈਸਲ ਕਰਕੇ ਡਿਊਟੀ ਤੇ ਵਾਪਸ ਬੁਲਾ ਸਕਦਾ ਹੈ।<br>8. ਜਿਨਾਂ ਕਰਮਚਾਰਨਾਂ ਵਿਰੁੱਧ ਵਿਭਾਗੀ ਕਾਰਵਾਈ ਚਲ ਰਹੀ ਹੈ, ਮੁਅਤਲੀ ਅਧੀਨ, ਦਿਹਾੜੀਦਾਰ ਜਾਂ ਕੰਟਰੈਕਟਰ ਅਧਾਰ ਤੇ ਕੰਮ ਕਰਦੀਆਂ ਕਰਮਾਰਨਾਂ ਨੂੰ ਇਹ ਛੁੱਟੀ ਨਹੀਂ ਮਿਲ ਕੇਗੀ।ਪ੍ਰੋਬੇਸ਼ਨਰ ਨੂੰ ਵੀ ਇਹ ਛੁਟੀ ਆਮ ਹਾਲਤ ਵਿਚ ਨਹੀਂ ਮਿਲ ਸਕੇਗੀ।ਛੋਟੇ ਬੱਚੇ ਦੀ ਬਿਮਾਰੀ ਦੀ ਹਾਲਤ ਵਿਚ ਜੇਕਰ ਮੈਡੀਕਲ ਸਰਟੀਫੀਕੇਟ ਸਿਵਲ ਸਰਜਨ ਵਲੋਂ ਜਾਰੀ ਹੋਇਆ ਹੋਵੇ ਤਾਂ ਪ੍ਰੋਬੇਸ਼ਨਰ ਨੂੰ ਵੀ ਇਹ ਛੁਟੀ ਦਿੱਤੀ ਜਾ ਸਕਦੀ ਹੈ।<br>ਸਿਖਿਆ ਵਿਭਾਗ ਦੇ ਕਰਮਚਾਰੀਆਂ ਨੂੰ ਇਹ ਛੁਟੀ ਦੇਣ ਦਾ ਅਧਿਕਾਰ ਡੀ.ਪੀ.ਆਈ. 15 ਦਿਨ, ਸਕੱਤਰ 30 ਦਿਨ, ਮੰਤਰੀ 3 ਮਹੀਨੇ ਅਤੇ ਮੁੱਖ ਮੰਤਰੀ ਕੋਲ 3 ਮਹੀਨੇ ਤੋਂ ਵਧ ਛੁਟੀ ਦੇਣ ਦਾ ਅਧਿਕਾਰ ਹੈ । |
| 8.12 | ਅਬਾਰਸ਼ਨ ਲੀਵ ਕਿਨੀ ਮਿਲਦੀ ਹੈ ਅਤੇ ਕਿੰਨੇ ਬਚਿਆਂ ਤੱਕ ਮਿਲਦੀ ਹੈ । | ਅਬਾਰਸ਼ਨ ਲੀਵ ਸਾਰੀ ਸੇਵਾ ਵਿਚ 45 ਦਿਨ ਤੱਕ ਮਿਲਦੀ ਹੈ ਅਤੇ ਸਿਰਫ ਉਨਾ ਇਸਤਰੀ ਕਰਮਚਾਰਨਾ ਨੂੰ ਮਿਲਦੀ ਹੈ ਜਿਸ ਦੇ 2 ਤੋ ਘੱਟ ਬਚੇ ਹੋਣ ( ਭਾਵ 1 ਬਚਾ ਜਾਂ ਬਿਲਕੁਲ ਕੋਈ ਬਚਾ ਨਾ ਹੋਵੇ ) ਰੂਲ 8.127 |
| 8.12 | ਕਮਿਊਟਡ ਲੀਵ ਕੀ ਹੈ ਅਤੇ ਇਹ ਕਿੰਨਾ ਹਾਲਤਾਂ ਵਿਚ ਮਿਲ ਸਕਦੀ ਹੈ ਅਤੇ ਕਿਨੀ ਮਿਲ ਸਕਦੀ ਹੈ। | ਕਮਿਊਟਡ ਲੀਵ ਜਿਸ ਨੂੰ ਬਹੁਤ ਸਾਰੇ ਵਿਭਾਗਾਂ ਦੇ ਕਰਮਚਾਰੀ ਖਾਸ ਕਰਕੇ ਸਿਖਿਆ ਵਿਭਾਗ ਦੇ ਕਰਮਚਾਰੀ ਮੈਡੀਕਲ ਲੀਵ ਕਹਿੰਦੇ ਹਨ ਰੂਲ 8.119 (ਸੀ ) ਸੀ.ਐਸ.ਆਰ ਵਾਲੀਅਮ-1 ਤਹਿਤ ਬਿਮਾਰੀ ਦਾ ਸਰਟੀਫੀਕੇਟ ਪੇਸ਼ ਕਰਨ ਤੇ ਮਿਲ ਸਕਦੀ ਹੈ। ਇਹ ਛੁਟੀ ਇੱਕ ਸਮੇਂ ਘੱਟੋ ਘੱਟ 15 ਦਿਨ ਦੀ ਅਤੇ ਸਾਰੀ ਸੇਵਾ ਵਿਚ 240 ਦਿਨ ਦੀ ਮਿਲ ਸਕਦੀ ਹੈ। ਵੋਕੇਸ਼ਨਲ ਕਰਮਚਾਰੀਆਂ ਤੇ 15 ਦਿਨ ਦੀ ਸਰਤ ਲਾਗੂ ਨਹੀਂ ਉਹ ਘੱਟ ਸਮੇਂ ਦੀ ਛੁਟੀ ਵੀ ਕਮਿਉਟ ਕਰਵਾ ਸਕਦੇ ਹਨ। |
| 8.13 | ਪੁਰਸ਼ ਕਰਮਚਾਰੀ ਨੂੰ ਆਪਣੇ ਨਵੇਂ ਜਮੇਂ ਬਚੇ ਦੀ ਦੇਖ ਭਾਲ ਲਈ | ਪੁਰਸ਼ ਕਰਮਚਾਰੀ ਆਪਣੇ ਨਵੇਂ ਜਮੇਂ ਬਚੇ ਦੀ ਦੇਖ ਭਾਲ ਲਈ ਬਿਨਾ ਮੈਡੀਕਲ ਸਰਟੀਫੀਕੇਟ ਤੋਂ 15 ਦਿਨ ਦੀ ਛੁਟੀ ਕਮਿਉਟ |

| | | |
|---|---|---|
| | ਜੋ Paternity ਲੀਵ ਦਿੱਤੀ ਜਾਂਦੀ ਹੈ ਕੀ ਉਹ ਵਖਰੀ ਛੁਟੀ ਹੈ ਜਾਂ ਉਸ ਦੇ ਖਾਤੇ ਵਿਚੋ ਘਟਾਈ ਜਾਵੇਗੀ । | ਕਰਵਾ ਸਕਦਾ ਹੈ। ਇਸ ਤਰਾਂ ਕਰਨ ਨਾਲ ਉਸ ਦੇ ਅੱਧੀ ਤਨਖਾਹ ਛੁਟੀ ਦੇ ਖਾਤੇ ਵਿਚੋਂ 30 ਦਿਨ ਦੀ ਛੁਟੀ ਘਟਾਈ ਜਾਵੇਗੀ । |
| 8.14 | ਕਟਰੈਕਟ ਕੰਪਿਊਟਰ ਫੈਕਲਟੀ ਜੇਕਰ ਸਾਲ ਦੇ ਵਿਚ ਹਾਜ਼ਰ ਹੁੰਦਾ ਹੈ ਤਾਂ ਕੀ ਉਸ ਨੂੰ ਸਾਲ ਦੀਆਂ ਸਾਰੀਆਂ 15 ਅਚਨਚੇਤ ਛੁਟੀਆਂ ਮਿਲਣਗੀਆਂ । | ਕੰਟਰੈਕਟ ਅਧਾਰ ਤੇ ਅਚਨਚੇਤ ਛੁਟੀਆਂ ਕੰਟਰੈਕਟ ਦੀਆਂ ਸ਼ਰਤਾਂ ਅਨੁਸਾਰ ਮਿਲਦੀ ਹੈ। ਰੈਗੂਲਰ ਕਰਮਚਾਰੀ ਸਾਲ ਦੇ ਕਿਸੇ ਮਹੀਨੇ ਵੀ ਹਾਜ਼ਰ ਹੋਵੇ ਅਚਨਚੇਤ ਛੁਟੀਆਂ ਉਸ ਸਾਰੇ ਸਾਲ ਵਿਚ ਮਿਲਣਯੋਗ ਛੁੱਟੀਆਂ ਮਿਲਣਗੀਆਂ । |
| 8.15 | ਕੀ ਦੁਪਿਹਰ ਤੋਂ ਬਾਅਦ 1/3 ਅਚਨਚੇਤ ਛੁਟੀ ਲਈ ਜਾ ਸਕਦੀ ਹੈ । | ਪੰਜਾਬ ਸਰਕਾਰ ਦੀਆਂ ਅਜਿਹੀਆਂ ਕੋਈ ਹਦਾਇਤਾਂ ਮੇਰੇ ਨੋਟਿਸ ਵਿਚ ਨਹੀ਼ ਕਿ ਦੁਪਿਹਰ ਤੋਂ ਬਾਅਦ 1/3 ਛੁਟੀ ਨਹੀਂ ਲਈ ਜਾ ਸਕਦੀ । ਕਿਰਪਾ ਕਰਕੇ ਇਸ ਸਬੰਧੀ ਪਹਿਲਾਂ ਦਿੱਤੇ ਜਵਾਬ ਵੇਖ ਲਏ ਜਾਣ । |